ਭਾਈ ਦਲਜੀਤ ਸਿੰਘ ਦਾ ਜਨਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀ ਸਰਦਾਰ ਅਜੀਤ ਸਿੰਘ ਅਤੇ ਮਾਤਾ ਪਲਵਿੰਦਰ ਕੌਰ ਦੇ ਘਰ ੧੯੬੧ ਈ. ਵਿਚ ਹੋਇਆ। ਉਨ੍ਹਾਂ ਦਾ ਨਾਨਕਾ-ਦਾਦਕਾ ਪਰਿਵਾਰ ਪਿਛੋਕੜ ਵਜੋਂ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਤੋਂ ਹੈ। ਜਦੋਂ ੧੯੮੫ ਈ. ਵਿਚ ਉਹ ਰੂਪੋਸ਼ ਹੋਏ ਉਦੋਂ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਵੈਟਰਨਰੀ ਦੀ ਡਿਗਰੀ ਕਰ ਰਹੇ ਸਨ। ਸੰਘਰਸ਼ ਦੇ ਸ਼ੁਰੂਆਤੀ ਦੌਰ ਵਿਚ ਇਨ੍ਹਾਂ ਦੇ ਜਥੇ ਨੂੰ ਦਿੱਲੀ ਗਰੁੱਪ ਆਖਿਆ ਜਾਂਦਾ ਸੀ ਜੋ ਨਵੰਬਰ ੧੯੮੪ ਦੇ ਦੋਸ਼ੀਆਂ ਨੂੰ ਸੋਧਾ ਲਾਉਣ ਲਈ ਮਸ਼ਹੂਰ ਸੀ। ੧੯੮੮ ਵਿਚ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ ਅਤੇ ਪੰਥਕ ਕਮੇਟੀ ਵਿਚ ਸਰਗਰਮ ਭੂਮਿਕਾ ਨਿਭਾਈ। ਖਾੜਕੂ ਕਾਰਵਾਈਆਂ ਦੇ ਨਾਲ ਨਾਲ ਲਹਿਰ ਵਿਚ ਉਨ੍ਹਾਂ ਦੀ ਭੂਮਿਕਾ ਯੁੱਧਨੀਤਕ ਪੈਂਤੜੇ ਅਤੇ ਰਾਜਸੀ ਨੀਤੀ ਦੇ ਸੇਧਕ ਵਜੋਂ ਵਧੇਰੇ ਮਹੱਤਵਪੂਰਨ ਹੈ। ਅਪਰੈਲ ੧੯੯੬ ਵਿਚ ਫੜੇ ਜਾਣ ਤੋਂ ਬਾਅਦ ਨਾਭਾ ਜੇਲ੍ਹ ਅਤੇ ਤਿਹਾੜ ਜੇਲ੍ਹ ਦਿੱਲੀ ਵਿਚ ਅਕਤੂਬਰ ੨੦੦੫ ਤਕ ਨਜ਼ਰਬੰਦ ਰਹੇ ਅਤੇ ਇਸੇ ਮਹੀਨੇ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਉਨ੍ਹਾਂ ਨੇ ੨੦੦੫ ਤੋਂ ੨੦੦੯ ਤਕ ਪੰਥ, ਪੰਜਾਬ ਅਤੇ ਕਿਸਾਨੀ ਦੇ ਮਸਲਿਆਂ ਲਈ ਲੋਕਾਂ ਵਿਚ ਜਾ ਕੇ ਵਿਚਾਰ ਅਤੇ ਜੱਦੋਜਹਿਦ ਕੀਤੀ। ੨੦੦੯ ਤੋਂ ੨੦੧੪ ਤਕ ਫਿਰ ਯੂਏਪੀਏ ਦੇ ਵੱਖੋ-ਵੱਖਰੇ ਕੇਸਾਂ ਵਿਚ ਜੇਲ੍ਹ ਵਿਚ ਨਜ਼ਰਬੰਦ ਰਹੇ। ਇਹ ਸਾਰੇ ਅਰਸੇ ਦੌਰਾਨ ਦਿੱਲੀ ਹਕੂਮਤ ਵੱਲੋਂ ਉਨ੍ਹਾਂ ਤੇ ਯੂਏਪੀਏ, ਟਾਡਾ ਆਦਿ ਕਾਲ਼ੇ ਕਾਨੂੰਨਾਂ ਤਹਿਤ ਕੁੱਲ ੩੩ ਕੇਸ ਚਲਾਏ ਗਏ। ਉਨ੍ਹਾਂ ਦੀ ਰੂਪੋਸ਼ ਜ਼ਿੰਦਗੀ ਅਤੇ ਜੇਲ੍ਹ ਵਿਚ ਨਜ਼ਰਬੰਦ ਰਹਿਣ ਦਾ ਕੁੱਲ ਅਰਸਾ ੨੪ ਕੁ ਸਾਲ ਬਣਦਾ ਹੈ। ਇਸ ਕਿਤਾਬ ਲੜੀ *(ਖਾੜਕੂ ਸੰਘਰਸ਼ ਦੀ ਸਾਖੀ)* ਤੋਂ ਪਹਿਲਾਂ ਉਨ੍ਹਾਂ ਨੇ ਦੋ ਕਿਤਾਬਚੇ *"ਭਵਿੱਖ ਫਿਰ ਵੀ ਸਾਡਾ ਹੈ"* ਅਤੇ *"ਅੱਗੇ ਤੁਰਨ ਤੋਂ ਪਹਿਲਾਂ"* ਜਾਰੀ ਕੀਤੇ ਹਨ।



**ਭਾਈ ਦਲਜੀਤ ਸਿੰਘ**

ਜੇਲ੍ਹ ਨਜ਼ਰਬੰਦੀ ਸਮੇਂ ਅਤੇ ਬਾਹਰ ਰਹਿਣ ਵੇਲੇ ਉਨ੍ਹਾਂ ਨੇ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਸਾਂਭ-ਸੰਭਾਲ ਲਈ ਵਿਉਂਤਬੰਦੀ ਕੀਤੀ ਅਤੇ ਗੁਰੂ ਖਾਲਸਾ ਪੰਥ ਦੀਆਂ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਨੂੰ ਨਾਲ ਜੋੜਿਆ। ਸੰਘਰਸ਼ ਨੂੰ ਦੁਬਾਰਾ ਲੀਹ ਤੇ ਲਿਆਉਣ ਲਈ ਅੱਜ ਕੱਲ੍ਹ ਉਹ ਪੰਥ, ਪੰਜਾਬ ਅਤੇ ਸਰਬੱਤ ਦੇ ਭਲੇ ਹਿੱਤ ਨੌਜਵਾਨ ਪੀੜ੍ਹੀ ਨੂੰ ਸੇਧ ਦੇਣ ਲਈ ਯਤਨਸ਼ੀਲ ਹਨ।

-ਪ੍ਰਕਾਸ਼ਕ

**ਕਈ ਵਾਰ ਵੱਡੀਆਂ ਹਸਤੀਆਂ ਪਰਗਟ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਇਤਿਹਾਸ ਨਵਾਂ ਮੋੜ ਲੈਂਦਾ ਹੈ ਪਰ ਕਈ ਵਾਰ ਆਮ ਲੋਕ ਹੀ ਕੁਝ ਸਮੇਂ ਲਈ ਵੱਡਾ ਅਮਲ ਪੇਸ਼ ਕਰਦੇ ਹਨ। ਕਈ ਵਾਰ ਓਹਨਾਂ ਬੰਦਿਆਂ ਨੂੰ, ਜਿਨ੍ਹਾਂ ਰਾਹੀਂ ਇਤਿਹਾਸ ਬਣ ਰਿਹਾ ਹੁੰਦਾ ਹੈ, ਓਹਨਾਂ ਨੂੰ ਵੀ ਇਹਦੇ ਮਹੱਤਵ ਦਾ ਪਤਾ ਨਹੀਂ ਹੁੰਦਾ। ਉਹ ਕੇਵਲ ਇਤਿਹਾਸ ਦੇ ਵਾਹਕ ਬਣਦੇ ਹਨ। ਓਹਨਾਂ ਦੇ ਜੀਵਨ ਉਭਰਦੇ ਹਨ ਅਤੇ ਉਚਿਆਈ ਛੂੰਹਦੇ ਹਨ ਪਰ ਓਹਨਾਂ ਨੂੰ ਆਪਣੇ ਅਮਲਾਂ ਦੇ ਅਸਰ ਦਾ ਪੂਰਾ ਪਤਾ ਨਹੀਂ ਹੁੰਦਾ। ਉਹ ਅਮਲ ਵਿਚ ਇਸ ਤਰ੍ਹਾਂ ਰੁੱਝੇ ਅਤੇ ਖੁੱਭੇ ਹੁੰਦੇ ਹਨ ਕਿ ਓਹਨਾਂ ਨੂੰ ਹੋਰ ਕੁਝ ਵਿਖਾਈ ਨਹੀਂ ਦਿੰਦਾ ਹੁੰਦਾ ਅਤੇ ਓਹ ਉਹਦੀ ਬਹੁਤੀ ਪਰਵਾਹ ਵੀ ਨਹੀਂ ਕਰਦੇ ਹੁੰਦੇ।**

ਬਿਬੇਕਗੜ੍ਹ ਪ੍ਰਕਾਸ਼ਨ

ISBN:੯੭੮-੮੧-੯੬੧੨੪੭-੦੦
9 788196 124700
ਕੀਮਤ : ੫੯੯/-
$/€ : ੧੮/-

ਖਾੜਕੂ ਸੰਘਰਸ਼ ਦੀ ਸਾਖੀ ੨
ਸਾਧਨ, ਸਬੱਬ, ਸਿਦਕ ਅਤੇ ਸ਼ਹਾਦਤ
ਦਲਜੀਤ ਸਿੰਘ

# ਖਾੜਕੂ ਸੰਘਰਸ਼ ਦੀ ਸਾਖੀ ੨

## ਸਾਧਨ, ਸਬੱਬ, ਸਿਦਕ ਅਤੇ ਸ਼ਹਾਦਤ



ਰਾਜਸੀ ਸੱਤਾ ਲਈ ਗੁਰੀਲਾ ਜੰਗ ਅਤੇ ਧਰਮ ਦੀ ਜੰਗ ਵਿਚ ਵੱਡਾ ਫਰਕ ਹੁੰਦਾ ਹੈ ਭਾਵੇਂ ਹਥਿਆਰ, ਪੈਸੇ ਅਤੇ ਹਕੂਮਤਾਂ ਦੇ ਸੁਭਾਅ ਉਹੀ ਰਹਿੰਦੇ ਹਨ। ਅਸੀਂ ਦੁਸ਼ਮਣ ਦੇ ਥਾਂ-ਥਾਂ ਵਿਛਾਏ ਜਾਲਾਂ ਵਿਚੋਂ ਕਿਵੇਂ ਬਚਦੇ ਰਹੇ, ਦੁਸ਼ਮਣ ਸਾਡੀਆਂ ਘਾਤਾਂ ਵਿਚੋਂ ਵਾਰ-ਵਾਰ ਕਿਵੇਂ ਸਾਫ ਬਚਦੇ ਰਹੇ ਅਤੇ ਤਸੀਹੇ ਖਾਨਿਆਂ ਵਿਚ ਸਿੰਘ ਕਿਵੇਂ ਸਿਦਕ ਨਿਭਾ ਕੇ ਇਤਿਹਾਸ ਨੂੰ ਦੁਹਰਾਉਂਦੇ ਰਹੇ, ਇਹ ਸਾਰੇ ਕੁਝ ਨੂੰ ਸਾਂਝੇ ਪੰਥਕ ਅਹਿਸਾਸ ਅਤੇ ਗੁਰੂ ਉਤੇ ਸਿਦਕ ਭਰੋਸੇ ਬਿਨਾ ਨਾ ਹੀ ਸਿਰਜਿਆ ਜਾ ਸਕਦਾ ਸੀ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹਦੀ ਪੂਰੀ ਸਮਝ ਤਾਂ ਇਹਦਾ ਹਿੱਸਾ ਹੋਣ ਵਾਲਿਆਂ ਨੂੰ ਵੀ ਨਹੀਂ ਹੋ ਸਕਦੀ। ਹੱਡੀਂ ਹੰਢਾਏ ਬੀਤੇ ਅਤੇ ਵੇਖੇ ਦੀਆਂ ਵੀ ਬਹੁਤ ਸੀਮਾਵਾਂ ਹਨ, ਇਸ ਕਰਕੇ ਇਹਦੀ ਪੂਰੀ ਥਾਹ ਹੋਣ ਦਾ ਦਾਅਵਾ ਨਹੀਂ ਹੋ ਸਕਦਾ, ਬਸ ਇਕ ਗਵਾਹੀ ਹੋ ਸਕਦੀ ਹੈ ਪਰ ਉਹ ਵੀ ਉਸੇ ਅਵਸਥਾ ਦੇ ਅਹਿਸਾਸ ਨਾਲ, ਜਿਸ ਪੱਧਰ ਉਤੇ ਇਹ ਜੰਗ ਲੜੀ ਗਈ।

**ਦਲਜੀਤ ਸਿੰਘ**